## ਖੇਡਾਂ ਕਿੱਦਾਂ ਕੰਮ ਕਰਦੀਆਂ ਹਨ

# ਲੈੱਟ ਇਟ ਰਾਈਡ ਪੋਕਰ

**ਸੂਗਲ ਬਣਾਈ ਰੱਖੋ।**
**ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੱਦਾਂ ਕੰਮ ਕਰਦੀਆਂ ਹਨ।**

ਲੈੱਟ ਇਟ ਰਾਈਡ ਪੋਕਰ ਫਾਈਵ-ਕਾਰਡ ਸਟੱਡ ਖੇਡ ਦੀ ਹੀ ਇਕ ਕਿਸਮ ਹੈ। ਤੁਸੀਂ ਜਿੱਤਦੇ ਹੋ ਜੇ ਤੁਹਾਡੇ ਹੱਥ ਵਿਚ ਦਹਿਲਿਆਂ ਦਾ ਜੋੜਾ ਜਾਂ ਇਸ ਤੋਂ ਬਿਹਤਰ ਪੱਤੇ ਹੋਣ। ਤੁਸੀਂ ਦੂਜੇ ਖਿਡਾਰੀਆਂ ਜਾਂ ਡੀਲਰ ਦੇ ਵਿਰੁੱਧ ਨਹੀਂ ਖੇਡਦੇ।

ਹਰ ਖਿਡਾਰੀ ਤਿੰਨ ਇਕੋ ਜਿਹੇ ਦਾਅ (ਬੈੱਟ) ਘੇਰਿਆਂ ’ਤੇ ਰੱਖਦਾ ਹੈ ਜਿਨ੍ਹਾਂ ’ਤੇ 1, 2 ਅਤੇ $ ਲਿਖਿਆ ਹੁੰਦਾ ਹੈ। ਸਾਰੇ ਪੱਤੇ ਵੰਡਣ ਵੇਲੇ ਮੂਧੇ ਮਾਰੇ ਜਾਂਦੇ ਹਨ। ਹਰ ਖਿਡਾਰੀ ਨੂੰ ਤਿੰਨ ਤਿੰਨ ਪੱਤੇ ਮਿਲਦੇ ਹਨ ਅਤੇ ਡੀਲਰ ਦੋ ਪੱਤੇ ਲੈਂਦਾ ਹੈ ਜਿਹੜੇ ਖਿਡਾਰੀਆਂ ਵਲੋਂ ਸਾਂਝੇ ਪੱਤਿਆਂ ਵਜੋਂ ਵਰਤੇ ਜਾਣੇ ਹਨ। ਆਪਣੇ ਪਹਿਲੇ ਤਿੰਨ ਪੱਤਿਆਂ ਨੂੰ ਦੇਖਣ ਬਾਅਦ, ਤੁਸੀਂ ਆਪਣਾ ਪਹਿਲਾ ਦਾਅ ਵਾਪਸ ਲੈ ਸਕਦੇ ਹੋ ਜਾਂ ਤੁਸੀਂ ਇਸ ਨੂੰ ਖੇਡ ਵਿਚ ਰੱਖ ਸਕਦੇ ਹੋ ਜਿਸ ਨੂੰ ਆਮ ਤੌਰ ’ਤੇ ਲੈੱਟ ਇਟ ਰਾਈਡ ਕਿਹਾ ਜਾਂਦਾ ਹੈ।

ਡੀਲਰ ਦੋ ਸਾਂਝੇ ਪੱਤਿਆਂ ਵਿਚੋਂ ਇਕ ਨੂੰ ਸਿੱਧਾ ਕਰ ਦਿੰਦਾ ਹੈ। ਇਹ ਤੁਹਾਡੇ ਹੱਥ ਵਿਚਲੇ ਪੱਤਿਆਂ ਨਾਲ ਤੁਹਾਡਾ ਚੌਥਾ ਪੱਤਾ ਬਣ ਜਾਂਦਾ ਹੈ। ਫੇਰ ਤੁਸੀਂ ਚਾਹੋ ਤਾਂ ਆਪਣਾ ਦੂਜਾ ਦਾਅ ਵਾਪਸ ਲੈ ਸਕਦੇ ਹੋ ਜਾਂ ਲੈੱਟ ਇਟ ਰਾਈਡ ਕਹਿ ਸਕਦੇ ਹੋ। ਅਖੀਰ ਵਿਚ ਡੀਲਰ ਤੁਹਾਡੇ ਪੰਜਵੇਂ ਪੱਤੇ ਵਜੋਂ ਦੂਜਾ ਸਾਂਝਾ ਪੱਤਾ ਵੀ ਸਿੱਧਾ ਕਰ ਦਿੰਦਾ ਹੈ, ਅਤੇ ਸਾਰੇ ਜੇਤੂਆਂ ਨੂੰ ਪੈਸੇ ਦੇ ਦਿੰਦਾ ਹੈ। ਇਸ ਦੇ ਨਾਲ ਹੀ ਇਕ ਬੋਨਸ ਖੇਡ ਵੀ ਹੈ! ਪੱਤੇ ਵੰਡਣ ਤੋਂ ਪਹਿਲਾਂ, ਤੁਸੀਂ $1 ਇਕ ਡਾਲਰ ਦਾ ਚਿੱਪ ਬੋਨਸ ਬੈੱਟ ਘੇਰੇ ਵਿਚ ਦਾਅ ’ਤੇ ਲਾ ਸਕਦੇ ਹੋ ਅਤੇ ਆਪਣੇ ਹੱਥ ਦੇ ਅਧਾਰ ’ਤੇ ਤੁਸੀਂ 20,000 ਡਾਲਰ ਤੱਕ ਜਿੱਤ ਸਕਦੇ ਹੋ।

### ਲੈੱਟ ਇਟ ਰਾਈਡ ਅਦਾਇਗੀ ਸੂਚੀ

| ਜੇਤੂ ਹੱਥ | ਮੁੱਢਲੀ ਖੇਡ ਦੀ ਅਦਾਇਗੀ | ਬੋਨਸ ਖੇਡ ਦੀ ਅਦਾਇਗੀ |
|---|---|---|
| ਰੌਆਇਲ ਫਲੱਸ਼ | 1,000 ਟੂ 1 | 20,000 ਡਾਲਰ |
| ਸਟਰੇਟ ਫਲੱਸ਼ | 200 ਟੂ 1 | 2,000 ਡਾਲਰ |
| ਫੋਰ ਆਫ ਏ ਕਾਈਂਡ | 50 ਟੂ 1 | 100 ਡਾਲਰ |
| ਫੁੱਲ ਹਾਊਸ | 11 ਟੂ 1 | 75 ਡਾਲਰ |
| ਫਲੱਸ਼ | 8 ਟੂ 1 | 50 ਡਾਲਰ |
| ਸਟਰੇਟ | 5 ਟੂ 1 | 25 ਡਾਲਰ |
| ਥਰੀ ਆਫ ਏ ਕਾਈਂਡ | 3 ਟੂ 1 | 8 ਡਾਲਰ |
| ਦੋ ਜੋੜ | 2 ਟੂ 1 | 4 ਡਾਲਰ |
| ਦਹਿਲਿਆਂ ਦਾ ਜੋੜਾ ਜਾਂ ਬਿਹਤਰ | 1 ਟੂ 1 | ਲਾਗੂ/ਨਹੀਂ |

ਨੋਟ: ਵਧ ਤੋਂ ਵਧ ਜਮ੍ਹਾਂ ਪੂੰਜੀ ’ਤੇ ਸੀਮਾ ਲਾਗੂ ਹੋ ਸਕਦੀ ਹੈ




**ਮੇਜ਼ ’ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਣਨ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ ’ਤੇ ਜਾਵੋ ਜਾਂ ਏਥੇ ਦੇਖੋ : www.bclc.com**

Let It Ride Poker [Punjabi] 07/12

bclc playing it right

GameSense

engage your GameSense.ca